ਦਫਤਰ ਜਿਲ੍ਹਾ ਲੋਕ ਸੰਪਰਕ ਅਫਸਰ ਮੋਗਾ

ਕੌਮੀ ਲੋਕ ਅਦਾਲਤ ਵਿੱਚ 84 ਕੇਸਾਂ ਦਾ ਹੋਇਆ ਨਿਪਟਾਰਾ

2,27,50,534 ਰੁਪਏ ਦੀ ਕੀਤੀ ਗਈ ਸੈਟਲਮੈਂਟ

ਮੋਗਾ 13 ਫਰਵਰੀ:

ਮਾਣਯੋਗ ਕੌਮੀ ਕਾਨੂੰਨੀ ਸੇਵਾਂਵਾਂ ਅਥਾਰਟੀ, ਨਵੀ ਂਦਿੱਲੀ ਵੱਲੋ ਜਾਰੀ ਹਦਾਇਤਾਂ ਅਨੁਸਾਰ ਸਾਰੇ ਭਾਰਤ ਵਿੱਚ ਕੌਮੀ ਲੋਕ ਅਦਾਲਤ ਦਾ ਆਯੋਜਨ ਕੀਤਾ ਗਿਆ। ਇਸੇ ਲੜੀ ਦੇ ਸਬੰਧ ਵਿਚ ਮਾਣਯੋਗ ਜਸਟਿਸ ਸ੍ਰੀ ਐਸ.ਐਸ. ਸਾਰੋਂ ਜੱਜ ਪੰਜਾਬ ਤੇ ਹਰਿਆਣਾ ਹਾਈ ਕੋਰਟ-ਕਮ-ਚੇਅਰਮੈਨ ਪੰਜਾਬ ਕਾਨੂੰਨੀ ਸੇਵਾਵਾਂ ਅਥਾਰਟੀ, ਚੰਡੀਗੜ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਮਾਨਯੋਗ ਸ਼੍ਰੀ.ਜੀ.ਐਸ ਬਖਸ਼ੀ ਜ਼ਿਲ੍ਹਾ ਤੇ ਸ਼ੈਸ਼ਨ ਜੱਜ-ਕਮ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਮੋਗਾ ਦੀ ਪ੍ਰਧਾਨਗੀ ਹੇਠ ਅੱਜ ਨੈਸ਼ਨਲ ਲੋਕ ਅਦਾਲਤ ਦਾ ਆਯੋਜਨ ਕੀਤਾ ਗਿਆ। ਇਸ ਨੈਸ਼ਨਲ ਲੋਕ ਅਦਾਲਤ ਸਬੰਧੀ ਮਾਨਯੋਗ ਸ਼੍ਰੀਮਤੀ ਪ੍ਰਤੀਮਾ ਮਹਾਜਨ ਪੀ.ਸੀ.ਐਸ, ਸਿਵਲ ਜੱਜ, ਜੂਨੀਅਰ ਡਵੀਜ਼ਨ, ਮੋਗਾ, ਸਥਾਈ ਲੋਕ ਅਦਾਲਤ (ਜਨ ਉਪਯੋਗੀ ਸੇਵਾਵਾਂ) ਅਤੇ ਸ਼੍ਰੀ ਪਰਿੰਦਰ ਸਿੰਘ, ਸਿਵਲ ਜੱਜ, ਸੀਨੀਅਰ ਡਵੀਜ਼ਨ, ਨਿਹਾਲ ਸਿੰਘ ਵਾਲਾ ਵਿਖੇ ਕੁੱਲ ਤਿੰਨ ਬੈਂਚ ਸਥਾਪਿਤ ਕੀਤੇ ਗਏ।ਇਹ ਨੈਸ਼ਨਲ ਲੋਕ ਅਦਾਲਤ ਜੁਡੀਸ਼ੀਅਲ ਕੰਪਲੈਕਸ ਅਤੇ ਸਥਾਈ ਲੋਕ ਅਦਾਲਤ (ਜਨ ਉਪਯੋਗੀ ਸੇਵਾਵਾਂ) ਡਾ:ਬੀ.ਆਰ.ਅੰਬੇਦਕਰ ਭਵਨ, ਨੇੜੇ ਡੀ.ਸੀ.ਦਫਤਰ ਕੰਪਲੈਕਸ ਮੋਗਾ ਵਿੱਚ ਲਗਾਈ ਗਈ। ਇਸ ਨੈਸ਼ਨਲ ਲੋਕ ਅਦਾਲਤ ਵਿਚ ਬੈਕ ਕੇਸਜ਼, ਰਿਕਵਰੀ ਸੂਟ, ਪ੍ਰੀਲਿਟੀਗੇਟਿਵ ਕੇਜਸ਼ ਅਤੇ ਚੈਕ ਬਾਊਂਹੋਣ ਦੇ ਕੇਸ ਲਗਾਏ ਗਏ ਸਨ। ਇਸ ਨੈਸ਼ਨਲ ਲੋਕ ਅਦਾਲਤ ਵਿੱਚ ਕੁੱਲ 397 ਕੇਸ ਰੱਖੇ ਗਏ ਸਨ ਜਿਨ੍ਹਾ ਵਿੱਚੋ 84 ਕੇਸਾਂ ਦਾ ਮੌਕੇ ‘ਤੇ ਆਪਸੀ ਸਹਿਮਤੀ ਨਾਲ ਨਪਟਾਰਾ ਕੀਤਾ ਗਿਆ ਅਤੇ 2,27,50,534 ਰੁਪਏ ਦੀ ਸੈਟਲਮੈਂਟ ਕੀਤੀ ਗਈ।

ਇਸ ਮੌਕੇ ਮਾਨਯੋਗ ਸ਼੍ਰੀ ਜੀ.ਐਸ ਬਖਸ਼ੀ ਜ਼ਿਲ੍ਹਾ ਤੇ ਸ਼ੈਸ਼ਨ ਜੱਜ-ਕਮ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਮੋਗਾ ਨੇ ਜਾਣਕਾਰੀ ਦੰਦੇ ਹੋਏ ਆਖਿਆ ਕਿ ਇਨਾਂ ਲੋਕ ਅਦਾਲਤਾਂ ਤੋ ਆਮ ਜਨਤਾ ਨੂੰ ਲਾਭ ਉਠਾਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਲਿਕਾਂ ਨੂੰ ਆਪਣੇ ਕੇਸ਼ਜ ਲਿਆ ਕੇ ਆਪਸੀ ਸਮਝੌਤੇ ਨਾਲ ਨਿਪਟਾਉਣੇ ਚਾਹੀਦੇ ਹਨ ਜਿਸ ਨਾਲ ਸਮੇਂ ਅਤੇ ਪੈਸੇ ਦੀ ਬਚਤ ਹੁੰਦੀ ਹੈ। ਇਨਾਂ ਲੋਕ ਅਦਾਲਤਾਂ ਦਾ ਸਮੇਂ-ਸਮੇਂ ਸਿਰ ਆਯੋਜਨ ਕੀਤਾ ਜਾਂਦਾ ਹੈ। ਇਸ ਮੌਕੇ ਤੇ ਮੈਡਮ ਨੀਤਿਕਾ ਵਰਮਾ ਸੀ.ਜੇ.ਐਮ-ਕਮ-ਸਕੱਤਰ ਜ਼ਿਲਾ ਕਾਨੂੰਨੀ ਸੇਵਾਵਾਂ ਅਥਾਰਟੀ, ਮੋਗਾ ਨੇ ਸੰਦੇਸ਼ ਦਿੰਦੇ ਹੋਏ ਆਖਿਆ ਕਿ ਇਹਨਾਂ ਲੋਕ ਅਦਾਲਤਾਂ ਰਾਹੀਂ ਹੋਏ ਫੈਸਲੇ ਦੇ ਵਿਰੁਧ ਅਪੀਲ ਨਹੀਂ ਹੁੰਦੀ ਜਿਸ ਨਾਲ ਦੋਨਾਂ ਧਿਰਾਂ ਵਚ ਆਪਸੀ ਭਾਈਚਾਰਾ ਵੀ ਵਧਦਾ ਹੈ। ਲੋਕਾਂ ਨੂੰ ਆਪਣੇ ਕੇਸ ਲੋਕ ਅਦਾਲਤਾਂ ਰਾਹੀਂ ਨਿਪਟਾਉਣੇ ਚਾਹੀਦੇ ਹਨ।

ਨੰ: ਪੀ.ਆਰ (ਪ੍ਰੈ ਰੀ)-2016/82


(ਇਨਸਾਫ ਸਭਨਾਂ ਲਈ)
ਲੋਕ ਅਦਾਲਤ
ਵੱਲੋਂ:- ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਮੋਗਾ


(ਇਨਸਾਫ ਸਭਨਾਂ ਲਈ)
ਲੋਕ ਅਦਾਲਤ
ਵੱਲੋਂ:- ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਮੋਗਾ